**ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ, ਪੰਜਾਬ**
**(ਪ੍ਰਮੋਸ਼ਨ ਸੈੱਲ)**

**ਦਫ਼ਤਰੀ ਕਾਰਜ ਲਈ ਨੋਟਿਸ**

**ਮਿਤੀ 17.02.2025**

1. ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਵੱਲੋਂ ਪਿਛਲੇ ਸਮੇਂ ਦੌਰਾਨ ਪ੍ਰਾਇਮਰੀ / ੳ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਦੇ ਕੇਸਾਂ ਨੂੰ ਵਿਚਾਰਦਿਆਂ ਯੋਗ ਕਰਮਚਾਰੀਆਂ ਨੂੰ ਪਦ-ਉੱਨਤ ਕੀਤਾ ਗਿਆ ਸੀ ਅਤੇ ਸਬੰਧਤ ਕਰਮਚਾਰੀਆਂ ਨੂੰ ਸਟੇਸ਼ਨ ਅਲਾਟਮੈਂਟ ਦੇ ਹੁਕਮ ਜਾਰੀ ਕੀਤੇ ਗਏ ਸਨ। ਇੰਨਾਂ ਹੁਕਮਾਂ ਵਿੱਚ ਦਿੱਤੇ ਗਏ ਹਾਜਰੀ ਸਮੇਂ ਤੋਂ ਇਲਾਵਾ ਕਰਮਚਾਰੀਆਂ ਵੱਲੋਂ ਵਿਭਾਗ ਨੂੰ ਪੇਸ਼ ਕੀਤੀਆਂ ਗਈਆਂ ਪ੍ਰਤੀ-ਬੇਨਤੀਆਂ ਦੇ ਆਧਾਰ ਤੇ ਹਾਜਰੀ ਸਮੇਂ ਵਿੱਚ ਵਾਧਾ ਕੀਤਾ ਗਿਆ ਸੀ।
2. ਇਸ ਉਪਰੰਤ ਕਰਮਚਾਰੀਆਂ ਵੱਲੋਂ ਹਾਜਰੀ ਸਮੇਂ ਵਿੱਚ ਹੋਰ ਵਾਧੇ ਦੀ ਮੰਗ ਸਬੰਧੀ ਪ੍ਰਤੀ-ਬੇਨਤੀਆਂ ਪ੍ਰਾਪਤ ਹੋਈਆਂ ਹਨ। ਵਿਭਾਗ ਵੱਲੋਂ ਇਹ ਪ੍ਰਤੀ-ਬੇਨਤੀਆਂ ਦਾਖਲ ਦਫ਼ਤਰ ਕਰਦਿਆਂ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀਆਂ ਨੂੰ ਅਲਾਟ ਸਟੇਸ਼ਨ ਤੇ ਮਿਤੀ 20.02.2025 ਤੱਕ ਹਾਜਰ ਹੋਣ ਦਾ ਆਖਿਰੀ ਮੌਕਾ ਦਿੱਤਾ ਜਾਂਦਾ ਹੈ। ਜੇਕਰ ਕੋਈ ਵੀ ਕਰਮਚਾਰੀ ਇਸ ਨੋਟਿਸ ਰਾਹੀਂ ਦਿੱਤੇ ਗਏ ਸਮੇਂ ਤੱਕ ਉਸਨੂੰ ਅਲਾਟ ਹੋਏ ਸਟੇਸ਼ਨ ਤੇ ਹਾਜਰ ਨਹੀਂ ਹੁੰਦਾ, ਤਾਂ ਸਰਕਾਰੀ ਨਿਯਮਾਂ / ਹਦਾਇਤਾਂ ਅਧੀਨ ਅਗਲੇਰੀ ਕਾਰਵਾਈ ਕੀਤੀ ਜਾਵੇਗੀ।
3. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 20.02.2025 ਤੱਕ ਹਾਜਰ ਹੋਣ ਵਾਲੇ ਕਰਮਚਾਰੀਆਂ ਦੀ ਸੂਚੀ ਇਸ ਦਫ਼ਤਰ ਨੂੰ ਮਿਤੀ 21.02.2025 ਤੱਕ ਦਫ਼ਤਰ ਦੀ ਈ- ਮੇਲ ਆਈ.ਡੀ. databackup.promotions2024@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ।

17/2/2025

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।